ਪੰਜਾਬ ਸਰਕਾਰ

ਪ੍ਰਵਾਸੀ ਭਾਰਤੀ ਮਾਮਲੇ ਵਿਭਾਗ

NRI SABHA PUNJAB (REGD.) Jalandhar No. 876 28/11/2017

E.D

COMMISSIONER
Jalandhar Division, Jalandhar

ਸੇਵਾ ਵਿਖੇ

ਸਮੂਹ ਡਵੀਜ਼ਨਲ ਕਮਿਸ਼ਨਰ ਅਤੇ
ਡਿਪਟੀ ਕਮਿਸ਼ਨਰ।

ਮੀਮੋ ਨੰ:3/4/17-ਐਨ.ਆਰ.ਆਈ.(2)/ 875
ਮਿਤੀ,ਚੰਡੀਗੜ੍ਹ: 22/11/17

ਵਿਸ਼ਾ: **CONNECT WITH YOUR ROOTS' (CYR) SCHEME FOR YOUNG NRIs**

********

1.0 ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਵੱਲੋਂ ਪੰਜਾਬ ਮੂਲ ਦੇ ਨੌਜਵਾਨ ਲੜਕੇ ਅਤੇ ਲੜਕੀਆਂ ਜਿਹਨਾਂ ਦੇ ਮਾਂ-ਬਾਪ, ਦਾਦਾ-ਦਾਦੀ ਜਾਂ ਵੱਡੇ-ਵਡੇਰੇ ਵਿਦੇਸ਼ਾਂ ਵਿੱਚ ਰਹਿੰਦੇ ਹਨ ਜਾਂ ਵਸ ਗਏ ਹਨ, ਲਈ "Connect with Your Roots (CYR) ਸਕੀਮ ਆਰੰਭ ਕੀਤੀ ਗਈ ਹੈ।

1.1 ਇਸ ਸਕੀਮ ਤਹਿਤ ਨੌਜਵਾਨਾਂ ਨੂੰ ਜੋ ਕਿ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿੱਚ ਰਹਿੰਦੇ ਹਨ, ਨੂੰ ਆਪਣੇ ਪਰਿਵਾਰਾਂ ਜਿਹਨਾਂ ਨਾਲ ਉਹ ਸਬੰਧਤ ਹਨ ਜਾਂ ਜਿਥੇ ਕਿ ਉਹਨਾਂ ਦੇ ਮਾਤਾ-ਪਿਤਾ, ਦਾਦਾ-ਦਾਦੀ ਜਨਮੇ ਸਨ ਜਾਂ ਜਿਥੇ ਉਹਨਾਂ ਨੇ ਆਪਣੇ ਜੀਵਨ ਦੇ ਮੁੱਢਲੇ ਸਾਲ ਬਤੀਤ ਕੀਤੇ ਹਨ, ਕੋਲ ਜਾਣ ਦਾ ਮੌਕਾ ਦਿੱਤਾ ਜਾਣਾ ਹੈ।

1.2 ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਦੀ ਇਹ ਸਕੀਮ, ਮੁਢਲੀ ਸਕੀਮ ਫਰੈਂਡਸ ਆਫ ਪੰਜਾਬ ਮੁੱਖ ਮੰਤਰੀ ਗਰਿਮਾਂ ਗਰਾਮ ਯੋਜਨਾ ਦਾ ਹਿੱਸਾ ਹੈ। ਇਸ ਸਕੀਮ ਤਹਿਤ ਉਨ੍ਹਾਂ ਪ੍ਰਵਾਸੀ ਭਾਰਤੀ ਪੰਜਾਬੀਆਂ, ਜੋ ਕਿ ਆਪਣੇ ਜੱਦੀ ਪਿੰਡਾਂ ਅਤੇ ਸ਼ਹਿਰਾਂ ਵਿੱਚ ਬੁਨਿਆਦੀ ਢਾਂਚੇ ਦਾ ਵਿਕਾਸ ਕਰਨਾ ਚਾਹੁੰਦੇ ਹਨ, ਲਈ ਮੈਚਿੰਗ ਗਰਾਂਟ ਦਿੱਤੀ ਜਾਂਦੀ ਹੈ।

2.0 ਸਰਕਾਰ ਵੱਲੋਂ ਇਸ ਸਕੀਮ ਤਹਿਤ ਪ੍ਰਵਾਸੀ ਭਾਰਤੀ ਪੰਜਾਬੀਆਂ ਨੂੰ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਗਰਾਂਟ ਉਪਲਬੱਧ ਕਰਵਾਈ ਜਾਵੇਗੀ ਅਤੇ ਪੰਜਾਬੀ ਮੂਲ ਦੇ ਨੌਜਵਾਨ ਲੜਕੇ ਅਤੇ ਲੜਕੀਆਂ ਨੂੰ ਆਪਣੇ ਵਿਰਸੇ ਨੂੰ ਜਾਨਣ ਲਈ ਆਪਣੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਆਉਣ ਦਾ ਮੌਕਾ ਵੀ ਦਿੱਤਾ ਜਾਵੇਗਾ।

2.1 ਇਸ ਸਕੀਮ ਤਹਿਤ ਪੰਜਾਬੀ ਮੂਲ ਦੇ ਨੌਜਵਾਨ ਲੜਕੇ ਅਤੇ ਲੜਕੀਆਂ 15–15 ਦੇ ਗਰੁੱਪ ਵਿੱਚ 10 ਦਿਨਾਂ ਦੇ ਦੌਰੇ ਲਈ ਪੰਜਾਬ ਵਿੱਚ ਆ ਸਕਣਗੇ ਅਤੇ ਹਰ ਸਾਲ ਅੰਦਾਜ਼ਨ 6–8 ਗਰੁੱਪ ਪੰਜਾਬ ਵਿੱਚ ਦੌਰਾ ਕਰਨਗੇ।

2.2 ਤਜਵੀਜ਼ਤ "Connect with Your Roots (CYR) ਸਕੀਮ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ:-

- ਇਸ ਸਕੀਮ ਤਹਿਤ 16 ਤੋਂ 22 ਸਾਲ ਦੇ ਨੌਜਵਾਨ ਲੜਕੇ ਅਤੇ ਲੜਕੀਆਂ ਜੋ ਕਿ ਪੰਜਾਬ ਵਿੱਚ ਜਨਮੇ ਹੋਣ ਜਾਂ ਜਿਨ੍ਹਾਂ ਦੇ ਪ੍ਰਵਾਸੀ ਪੰਜਾਬੀ ਮਾਤਾ-ਪਿਤਾ ਦਾ ਜਨਮ ਪੰਜਾਬ ਵਿੱਚ ਹੋਇਆ ਹੋਵੇ ਅਤੇ ਉਹ ਕਦੇ ਵੀ ਭਾਰਤ ਅਤੇ ਪੰਜਾਬ ਵਿੱਚ ਨਹੀਂ ਆਏ ਹਨ, ਆਪਣੇ ਸੂਬੇ ਦੇ ਵਿਰਸੇ ਨੂੰ ਜਾਨਣ ਲਈ ਪੰਜਾਬ ਆ ਸਕਣਗੇ। ਇਸ ਤੋਂ ਇਲਾਵਾ ਜਿਨ੍ਹਾਂ ਪ੍ਰਵਾਸੀ ਪੰਜਾਬੀ ਨੌਜਵਾਨਾਂ ਦੇ ਦਾਦਾ-ਦਾਦੀ ਅਤੇ ਪੜਦਾਦਾ – ਪੜਦਾਦੀ ਦਾ ਜਨਮ ਪੰਜਾਬ ਵਿੱਚ ਹੋਇਆ ਹੈ, ਉਹ ਵੀ ਇਸ ਸਕੀਮ ਦਾ ਲਾਭ ਲੈ ਸਕਣਗੇ।
- ਸਭ ਤੋਂ ਪਹਿਲਾਂ ਇਹ ਨੌਜਵਾਨ ਯੂ.ਕੇ., ਯੂ.ਐਸ.ਏ., ਯੂਰਪੀਅਨ ਯੂਨੀਅਨ, ਕਨੈਡਾ ਅਤੇ ਅਸਟਰੇਲੀਆ ਮੁਲਕਾਂ ਤੋਂ ਸ਼ਾਮਲ ਹੋਣਗੇ ਅਤੇ ਬਾਅਦ ਵਿੱਚ ਲੋੜ ਮੁਤਾਬਿਕ ਦੂਜੇ ਮੁਲਕਾਂ ਦੇ ਨੌਜਵਾਨਾਂ ਨੂੰ ਵੀ ਸ਼ਾਮਲ ਕੀਤਾ ਜਾ ਸਕੇਗਾ।
- ਪ੍ਰਵਾਸੀ ਨੌਜਵਾਨਾਂ ਦੇ ਆਉਣ ਵਾਲੇ ਗਰੁੱਪ ਵਿੱਚ ਘਟੋ ਘੱਟ 15 ਲੜਕੇ – ਲੜਕੀਆਂ ਸ਼ਾਮਲ ਹੋਣਗੇ ਅਤੇ ਇਨ੍ਹਾਂ ਦੀ ਸੰਖਿਆ ਲੋੜ ਮੁਤਾਬਿਕ ਵਧਾਈ ਜਾ ਸਕਦੀ ਹੈ।
- ਇਸ ਸਕੀਮ ਵਿੱਚ ਆਉਣ ਵਾਲੇ ਸਾਰੇ ਗਰੁੱਪ ਅਤੇ ਬੈਚ ਜੋ ਕਿ ਵੱਖੋ ਵੱਖਰੇ ਦੇਸ਼ਾਂ ਤੋਂ ਆਉਣੇ ਹਨ, ਦੀਆਂ ਜ਼ਰੂਰਤਾਂ ਨੂੰ ਵੇਖਦੇ ਹੋਏ ਉਨ੍ਹਾਂ ਦੇ ਸੂਬੇ ਵਿੱਚ ਵਿਚਰਣ ਦਾ ਪ੍ਰੋਗਰਾਮ ਵਿਭਾਗ ਵਲੋਂ ਬਣਾਇਆ ਜਾਵੇਗਾ।
- ਹਰ ਗਰੁੱਪ ਦੇ ਪ੍ਰਵਾਸੀ ਨੌਜਵਾਨ ਲੜਕੇ- ਲੜਕੀਆਂ ਨੂੰ ਭਾਰਤ ਤਕ ਆਉਣ ਦਾ ਖਰਚਾ ਉਨ੍ਹਾਂ ਵਲੋਂ ਖੁਦ ਕਰਨਾ ਹੋਵੇਗਾ।
- ਲਾਭਪਾਤਰੀਆਂ ਦੇ ਠਹਿਰਣ ਆਦਿ ਦਾ ਪ੍ਰਬੰਧ, ਸਥਾਨਿਕ ਯਾਤਰਾ ਅਤੇ ਵੇਖਣਯੋਗ ਥਾਵਾਂ ਦਾ ਖਰਚਾ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ।
- ਪਬਿਲੀਸਿਟੀ ਮੈਟੀਰੀਅਲ ਦੂਸਰੇ ਮੁਲਕਾਂ ਵਿੱਚ ਭਾਰਤ ਦੀਆਂ ਐਮਬੈਸੀਆਂ ਅਤੇ ਹਾਈ ਕਮਿਸ਼ਨਜ਼ ਆਫ ਇੰਡੀਆ ਰਾਹੀਂ ਉਪਲੱਬਧ ਕਰਵਾਇਆ ਜਾਵੇਗਾ।
- ਇਸ ਸਕੀਮ ਨੂੰ ਸੋਸ਼ਲ ਮੀਡੀਆ ਭਾਵ ਫੇਸਬੁੱਕ ਆਦਿ ਰਾਹੀਂ ਯੋਗ ਨੌਜਵਾਨ ਪ੍ਰਵਾਸੀ ਲੜਕੇ- ਲੜਕੀਆ ਤਕ ਪਹੁੰਚਾਇਆ ਜਾਵੇਗਾ।
- ਇਸ ਸਕੀਮ ਦੇ ਵੇਰਵੇ ਪੰਜਾਬ ਸਰਕਾਰ ਦੇ ਐਨ.ਆਰ.ਆਈ. ਪੋਰਟਲ ਤੇ ਉਪਲਬੱਧ ਹੋਣਗੇ।
- ਇਸ ਸਕੀਮ ਤਹਿਤ ਪ੍ਰਵਾਸੀ ਮਾਮਲੇ ਵਿਭਾਗ ਵਲੋਂ ਨੌਜਵਾਨ ਲੜਕੇ- ਲੜਕੀਆਂ ਦਾ ਆਪਣੇ ਵਿਰਸੇ ਨੂੰ ਜਾਨਣ ਲਈ ਦੌਰਾ ਲਗਭਗ 10 ਦਿਨਾਂ ਦਾ ਹੋਵੇਗਾ ਪਰੰਤੂ ਇਸ ਵਿੱਚ ਵਿਭਾਗ ਵਲੋਂ ਲੋੜ ਅਨੁਸਾਰ ਤਬਦੀਲੀ ਵੀ ਕੀਤੀ ਜਾ ਸਕਦੀ ਹੈ।

- ਜੋ ਲੜਕੇ ਅਤੇ ਲੜਕੀਆਂ ਇਸ ਸਕੀਮ ਤਹਿਤ ਆਪਣੇ ਵਿਰਸੇ ਨੂੰ ਜਾਨਣ ਲਈ ਪੰਜਾਬ ਵਿਜ਼ਿਟ ਕਰਨਾ ਚਾਹੁੰਦੇ ਹਨ, ਉਹਨਾਂ ਨੂੰ ਇਸ ਪ੍ਰੋਗਰਾਮ ਲਈ ਸਰਕਾਰ ਨੂੰ 45 ਦਿਨ ਪਹਿਲਾਂ ਬੇਨਤੀ ਕਰਨੀ ਹੋਵੇਗੀ।
- ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਲਾਭਪਾਤਰੀਆਂ ਦੀ ਇਸ ਸੂਚੀ ਨੂੰ ਉਹਨਾਂ ਦੇ ਵਿਜ਼ਿਟ ਕਰਨ ਤੋ ਘੱਟੋ ਘੱਟ ਇੱਕ ਮਹੀਨਾ ਪਹਿਲਾਂ ਅੰਤਿਮ ਕਰੇਗਾ ਤਾਂ ਜੋ ਲਾਭਪਾਤਰੀ ਸਮੇਂ ਸਿਰ ਆਪਣੀ ਯਾਤਰਾ ਅਤੇ ਵੀਜ਼ਾ ਸਬੰਧੀ ਸਾਰੀਆਂ ਫਾਰਮੈਲਿਟੀਜ਼ ਪੂਰੀਆਂ ਕਰ ਸਕਣ।

ਇਸ ਸਕੀਮ ਤਹਿਤ ਲਾਭਪਾਤਰੀ ਹੇਠ ਲਿਖੀਆਂ ਥਾਵਾਂ ਤੇ ਵਿਜ਼ਿਟ ਕਰ ਸਕਣਗੇ:-

- ਪਿਤਾ–ਪੁਰਖੀ ਅਸਥਾਨ।
- ਪੰਜਾਬ ਦੀਆਂ ਪੁਰਾਤਨ ਯਾਦਗਾਰਾਂ, ਸਭਿਆਚਾਰਕ/ਇਤਿਹਾਸਿਕ ਆਦਿ ਥਾਵਾਂ ਜਿਵੇ ਕਿ:

i) ਸ੍ਰੀ ਹਰਿਮੰਦਰ ਸਾਹਿਬ।

ii) ਜ਼ਲਿਆਂਵਾਲਾ ਬਾਗ।

iii) ਵਾਘਾ ਬਾਰਡਰ।

iv) ਭਗਤ ਸਿੰਘ ਮੈਮੋਰੀਅਲ,ਬੰਗਾ।

v) ਖਾਲਸਾ ਹੈਰੀਟੇਜ ਮੈਮੋਰੀਅਲ, ਅਨੰਦਪੁਰ ਸਾਹਿਬ।

vi) ਵਾਰ ਮੈਮੋਰੀਅਲ, ਅੰਮ੍ਰਿਤਸਰ।

vii) ਜੰਗ-ਏ-ਆਜ਼ਾਦੀ ਮੈਮੋਰੀਅਲ।

viii) ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ।

**ix)** ਪੰਜਾਬ ਵਿਧਾਨ ਸਭਾ, ਪੰਜਾਬ ਸਿਵਲ ਸਕੱਤਰੇਤ ਅਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ।

**x)** ਪੰਜਾਬੀ ਭਾਸ਼ਾ, ਖੇਤੀਬਾੜੀ, ਉਦਯੋਗ, ਡੈਮ/ਸਿੰਚਾਈ ਦੇ ਖੇਤਰਾਂ ਨਾਲ ਸਬੰਧਤ ਪ੍ਰਸਿੱਧ ਕੇਂਦਰ।

**xi)** ਤਿੰਨ ਦਿਨਾਂ ਲਈ ਕਿਸੇ ਪਿੰਡ ਵਿੱਚ ਰਹਿਣ ਲਈ ਹੋਮ-ਸਟੇਅ ਪ੍ਰੋਗਰਾਮ ਅਧੀਨ ਪੰਜਾਬ ਸਰਕਾਰ ਪਿੰਡਾਂ ਵਿੱਚ ਰਹਿਣ ਵਾਲੇ ਪਰਿਵਾਰਾਂ ਨੂੰ ਆਪਣੀ ਸਵੈ ਇੱਛਾ ਨਾਲ ਹੋਮ ਸਟੇਅ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਬੇਨਤੀ ਕ਼ਰੇਗੀ ।

**xii)** ਅੰਮ੍ਰਿਤਸਰ, ਪਟਿਆਲਾ, ਲੁਧਿਆਣਾ ਆਦਿ ਵਿਚ ਪੁਰਾਣੇ ਅਤੇ ਮਸ਼ਹੂਰ ਭੋਜਨ ਕਰਨ ਵਾਲੀਆ ਥਾਵਾਂ ਦਾ ਦੌਰਾ ਕਰਨ ਲਈ ਰਵਾਇਤੀ ਭੋਜਨ ਅਤੇ ਸਟਰੀਟ ਫੂਡ ਜਿਵੇਂ ਕਿ ਟਿੱਕਾ ਅੰਮ੍ਰਿਤਸਰੀ ਕੁਲਚਾ, ਅੰਮ੍ਰਿਤਸਰੀ ਮੱਛੀ, ਲੱਸੀ ਅਤੇ ਗਿਆਨੀ ਦੀ ਚਾਹ, ਪਟਿਆਲਾ ਦੀ ਕਚੋਰੀ ਅਤੇ ਜਲੰਧਰ ਵਿਖੇ ਹਵੇਲੀ ਦਾ ਖਾਣਾ

ਆਦਿ ਪੇਸ਼ ਕੀਤਾ ਜਾਵੇਗਾ। ਲੱਗਭੱਗ ਹਰੇਕ ਸ਼ਹਿਰ ਵਿੱਚ ਹੀ ਕੁਝ ਨਾ ਕੁੱਝ ਖਾਸ ਚੀਜ਼ ਖਾਣ ਵਾਸਤੇ ਉਪਲੱਬਧ ਹੋਵੇਗੀ।

ਉਪਰੋਕਤ ਤੋਂ ਇਲਾਵਾ ਵੀ ਲਾਭਪਾਤਰਾਂ ਨੂੰ ਇਹ ਖੁੱਲ ਹੋਵੇਗੀ ਕਿ ਉਹ ਕਿਹੜੇ ਸਥਾਨ ਵੇਖਣ ਜਾ ਸਕਦੇ ਹਨ ਤਾਂ ਜੋ ਉਹਨਾਂ ਨੂੰ ਪੰਜਾਬ ਦੀ ਵਿਰਾਸਤ ਅਤੇ ਸਭਿਆਚਾਰ ਬਾਰੇ ਜਾਣਕਾਰੀ ਹਾਸਿਲ ਹੋ ਸਕੇ।

ਹਰਮਿੰਦਰ ਸਿੰਘ
**ਅਧੀਨ ਸਕੱਤਰ**

ਇਸ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ, ਟੂਰਿਜ਼ਮ ਅਤੇ ਸਭਿਆਚਾਰਕ ਮਾਮਲੇ ਵਿਭਾਗ ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਹਰਮਿੰਦਰ ਸਿੰਘ
**ਅਧੀਨ ਸਕੱਤਰ**

ਸੇਵਾ ਵਿਖੇ

ਪ੍ਰਮੁੱਖ ਸਕੱਤਰ,
ਟੂਰਿਜ਼ਮ ਅਤੇ ਸਭਿਆਚਾਰਕ
ਮਾਮਲੇ ਵਿਭਾਗ ਪੰਜਾਬ,
ਪੰਜਾਬ ਸਿਵਲ ਸਕੱਤਰੇਤ-**2**

ਅੰ:ਵਿ: ਪੱ: ਨੰ: **3/14/2017-ਐਨ.ਆਰ.ਆਈ.2/** ੪੭੫    ਮਿਤੀ:ਚੰਡੀਗੜ੍ਹ  ੨੨. ਨਵੰਬਰ,2017